Sushil K. Bansal
**President Cum Chairman**
Punjab Pharmacy Council, Mohali
**Member**
Pharmacy Council of India, New Delhi
Mobile No. 9779900008

ਪੰਜਾਬ ਫਾਰਮੇਸੀ ਕੌਂਸਲ
**Punjab Pharmacy Council**
**Medical Education Bhawan**
(2nd Floor) Sector 69, S.A.S. Nagar (Mohali)
Tel. No. 0172-5197563,5197564
E-mail : pspc.pb@gmail.com
E-mail : presidentpspc.sushilkumar@gmail.com
Website : pbspc.in

**No.** PPC/2026/3796-3798 **Dated :** 05.01.2026

ਵੱਲ,

1. ਮਾਣਯੋਗ ਚੇਅਰਮੈਨ,
   ਪਜਾਬ ਹੈੱਲਥ ਸਿਸਟਮ ਕਾਰਪੋਰੇਸ਼ਨ,
   ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਬਲਾਕ-ਈ,
   ਫੇਜ਼-8, ਐਸ.ਏ.ਐਸ ਨਗਰ (ਮੋਹਾਲੀ)-160062.
2. ਮਾਣਯੋਗ ਡਾਇਰੈਕਟਰ,
   ਸਿਹਤ ਅਤੇ ਪਰਿਵਾਰ ਭਲਾਈ ਵਿਭਾਗ,
   ਸੈਕਟਰ 34-A,ਚੰਡੀਗੜ੍ਹ-160022.
3. ਮਾਣਯੋਗ ਸਟੇਟ ਡਰੱਗ ਕੰਟਰੋਲਰ,
   ਸਰਕਾਰੀ ਡਿਸਪੈਂਸਰੀ ਕੰਪਲੈਕਸ,
   ਸਟੇਡੀਅਮ ਰੋਡ, ਫੇਜ਼ 9, ਮੋਹਾਲੀ-160062.

ਵਿਸ਼ਾ: SDH ਹਸਪਤਾਲਾਂ ਵਿੱਚ Pharmacy Act, 1948 ਦੀ ਉਲੰਘਣਾ ਅਤੇ ਸਰਕਾਰੀ ਸਿਹਤ ਸੰਸਥਾਨਾਂ ਵਿੱਚ ਫਾਰਮੇਸੀ ਸੇਵਾਵਾਂ ਸਿਰਫ਼ ਰਜਿਸਟਰਡ ਫਾਰਮਾਸਿਸਟਾਂ ਤੋਂ ਲੈਣ ਸੰਬੰਧੀ।

*************

ਸ਼੍ਰੀਮਾਨ ਜੀ,

ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਇਸ ਦਫ਼ਤਰ ਨੂੰ ਆਮ ਆਦਮੀ ਕਲੀਨਿਕ ਫਾਰਮਾਸਿਸਟ ਯੂਨੀਅਨ, ਪੰਜਾਬ ਵਲੋਂ ਭੇਜੀ ਗਈ ਲੱਗਭੱਗ 100 ਤੋਂ ਵੱਧ ਈ-ਮੇਲ ਪ੍ਰਾਪਤ ਹੋਇਆਂ ਹਨ, ਜਿੰਨ੍ਹਾਂ ਦੀ ਕਾਪੀ ਆਪ ਜੀ ਨੂੰ ਭੇਜਦੇ ਹੋਏ ਸੰਬੰਧਤ ਯੂਨੀਅਨ ਦੇ ਮੈਂਬਰਾਂ ਵਲੋਂ ਰੱਖੀਆਂ ਗਈਆਂ ਮੰਗਾਂ ਤੇ ਆਪ ਵਲੋਂ ਵਿਚਾਰ ਕਰਨ ਅਤੇ ਯੋਗ ਕਾਰਵਾਈ ਕਰਨ ਲਈ ਲਿਖਿਆ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ 'ਦੀ ਫਾਰਮੇਸੀ ਐਕਟ 1948' ਦੀ ਧਾਰਾ 42 ਅਧੀਨ ਫਾਰਮੇਸੀ ਸੇਵਾਵਾਂ ਸਿਰਫ਼ ਰਜਿਸਟਰਡ ਫਾਰਮਾਸਿਸਟਾਂ ਤੋਂ ਹੀ ਲੈਣ ਸੰਬੰਧੀ ਸਪਸ਼ਟ ਤੌਰ ਤੇ ਜ਼ਿਕਰ ਕੀਤਾ ਗਿਆ ਹੈ ਜੋ ਕਿ ਹੇਠ ਅਨੁਸਾਰ ਹੈ:

> ***42. Dispensing by unregistered persons(excerpt):*** *"Only registered pharmacist persons can compound, prepare, mix, or dispense any medicine on the prescription of a medical practitioner. Whoever contravene this provision is punishable with imprisonment upto six months or with fine upto one thousand rupees or with both".*

o/c

ਨਾਲ ਹੀ ਦੱਸਿਆ ਜਾਂਦਾ ਹੈ ਕਿ 'ਦੀ ਫਾਰਮੇਸੀ ਐਕਟ 1948' ਦੀ ਧਾਰਾ 41 ਅਧੀਨ 'ਰਜਿਸਟਰਡ ਹੋਣ ਦਾ ਝੂਠਾ ਦਾਅਵਾ ਕਰਨ' ਸੰਬੰਧੀ ਸਪਸ਼ਟ ਤੌਰ ਤੇ ਜ਼ਿਕਰ ਕੀਤਾ ਗਿਆ ਹੈ ਜੋ ਕਿ ਹੇਠ ਅਨੁਸਾਰ ਹੈ:

> ***41. Penalty for falsely claiming to be registered(excerpt):*** *If any person whose name is not for the time being entered into the register of the State falsely pretends that it is so entered or uses in connection with his name or title any words or letters reasonably calculated to suggest that his name is so entered, he shall be punishable on first conviction with fine which may extend to five hundred rupees and on any subsequent conviction with imprisonment extending to six months or with fine not exceeding one thousand rupees or with both.*

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਮੁਕੰਮਲ ਸੂਬੇ ਵਿੱਚ ਫਾਰਮੇਸੀ ਦੇ ਪੇਸ਼ੇ ਦੇ ਸੰਬੰਧ ਵਿੱਚ 'ਦੀ ਫਾਰਮੇਸੀ ਐਕਟ 1948' ਵਿੱਚ ਦਿੱਤੇ ਗਏ ਨਿਰਦੇਸ਼ਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ ਅਤੇ ਸਖ਼ਤੀ ਨਾਲ ਕਰਵਾਉਣਾ ਵੀ ਯਕੀਨੀ ਬਣਾਇਆ ਜਾਵੇ ਅਤੇ ਆਮ ਆਦਮੀ ਕਲੀਨਿਕ ਫਾਰਮਾਸਿਸਟ ਯੂਨੀਅਨ, ਪੰਜਾਬ ਵਲੋਂ ਕੀਤੀ ਗਈਆਂ ਹੋਰ ਮੰਗਾਂ ਤੇ ਵੀ ਵਿਚਾਰ ਕੀਤਾ ਜਾਵੇ।

ਸਤਿਕਾਰ ਸਹਿਤ,

Punjab Pharmacy Council ★ PRESIDENT ★ Dept. of Medical Education & Research

o/c

(ਸੁਸ਼ੀਲ ਕੁਮਾਰ ਬਾਂਸਲ)
ਪ੍ਰਧਾਨ
ਪੰਜਾਬ ਫਾਰਮੇਸੀ ਕੌਂਸਲ